# ਜਦੋਂ ਤੁਹਾਡੇ ਅਸਾਇਲਮ ਦਾ ਫੈਸਲਾ ਤੁਹਾਡੇ ਹੱਕ ਵਿਚ ਹੋ ਜਾਂਦਾ ਹੈ

ਤੁਹਾਡੇ ਅਸਾਇਲਮ ਦੇ ਕਲੇਮ ਦਾ ਫੈਸਲਾ ਤੁਹਾਡੇ ਹੱਕ ਵਿਚ ਹੋਣ ਤੋਂ ਬਾਅਦ ਸਾਨੂੰ ਪਤਾ ਹੈ ਕਿ ਤੁਹਾਨੂੰ ਬਹੁਤ ਸਾਰੀਆਂ ਚੀਜ਼ਾਂ ਬਾਰੇ ਵਿਚਾਰ ਕਰਨ ਦੀ ਲੋੜ ਪਵੇਗੀ ਹੈ। ਇਸ ਵਿਚ ਇਹ ਗੱਲਾਂ ਹੋ ਸਕਦੀਆਂ ਹਨ, ਤੁਹਾਡੀ ਪੜ੍ਹਾਈ, ਕੰਮ ਕਰਨ ਜਾਂ ਆਪਣਿਆਂ ਨੂੰ ਮਿਲਣ ਜਾਣ ਦੀ ਯੋਜਨਾ। ਆਪਣੇ ਫੈਸਲੇ ਦੇ ਮਿਲਣ ਤੋਂ ਬਾਅਦ, ਇਸ ਤੋਂ ਪਹਿਲਾਂ ਕਿ ਤੁਹਾਨੂੰ ਮਿਲਣ ਵਾਲੀ ਅਸਾਇਮ ਸੁਪੋਰਟ ਬੰਦ ਹੋ ਜਾਵੇ ਤੁਹਾਡੇ ਕੋਲ ਬਹੁਤ ਥੋੜਾ ਸਮਾਂ ਹੁੰਦਾ ਹੈ ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਤਿੰਨ ਗੱਲਾਂ ਤੇ ਧਿਆਨ ਦਿੱਤਾ ਜਾਵੇ।

## 1. ਤੁਹਾਡਾ ਬਾਇਓਮੀਟ੍ਰਿਕ ਰੈਜ਼ੀਡੈਂਸ ਪਰਮਿਟ (ਬੀ ਆਰ ਪੀ) - ਰਹਿਣ ਦਾ ਹੱਕ ਅਤੇ ਸ਼ਨਾਖਤ

- ਇਕ ਬਾਰ ਤੁਹਾਡੇ ਹੱਕ ਵਿਚ ਫੈਸਲਾ ਮਿਲਣ ਤੋਂ ਬਾਅਦ, ਹੋਮ ਆਫਿਸ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਬੀ ਆਰ ਪੀ ਕਾਰਡ ਭੇਜੇਗਾ। ਇਹ ਈਮੇਲ ਜਾਂ ਡਾਕ ਰਾਹੀਂ ਆ ਸਕਦਾ ਹੈ। ਇਹ ਤੁਹਾਨੂੰ ਆਪਣੀ ਰਿਹਾਇਸ਼ ਖਾਲੀ ਕਰਨ ਤੋਂ ਕਮ ਸੇ ਕਮ 7 ਦਿਨ ਪਹਿਲਾਂ ਮਿਲਣਾ ਚਾਹੀਦਾ ਹੈ।
- ਬੀ ਆਰ ਪੀ ਤੁਹਾਡੀ ਸ਼ਨਾਖਤ (ਆਈ ਡੀ) ਲਈ ਇਕ ਨਵਾਂ ਦਸਤਾਵੇਜ਼ ਹੈ ਅਤੇ ਇਹ ਬਹੁਤ ਮਹੱਤਵਪੂਰਣ ਹੈ। ਇਸ ਦੀ ਤੁਹਾਨੂੰ ਨੌਕਰੀ ਲੈਣ ਲਈ ਜਾਂ ਬੈਨੀਫਿਟ ਲੈਣ ਲਈ, ਅਤੇ ਰਹਿਣ ਲਈ ਮਕਾਨ ਲੈਣ ਲਈ ਲੋੜ ਪਏਗੀ।
- ਜੇ ਤੁਹਾਨੂੰ ਬੀ ਆਰ ਪੀ ਕਾਰਡ ਨਹੀਂ ਮਿਲਿਆ ਹੈ ਅਤੇ ਤੁਹਾਨੂੰ ਮਿਲਣ ਵਾਲੀ ਸੁਪੋਰਟ 7 ਦਿਨਾਂ ਦੇ ਅੰਦਰ ਜਾਂ ਇਸ ਤੋਂ ਪਹਿਲਾਂ ਬੰਦ ਹੋ ਰਹੀ ਹੈ, ਤਾਂ ਕਿਰਪਾ ਕਰਕੇ ਛੇਤੀ ਨਾਲ ਮਾਇਗ੍ਰੈਂਟ ਹੈਲਪ ਨੂੰ ਟੈਲੀਫੋਨ ਨੰਬਰ 0808 8010 503 ਤੇ ਜਾਂ positivemoveon@migranthelpuk.org ਤੇ ਸੰਪਰਕ ਕਰੋ।

## 2. ਤੁਹਾਡੇ ਪੈਸੇ

- ਇਕ ਬਾਰ ਤੁਹਾਡੇ ਹੱਕ ਦਾ ਫੈਸਲਾ ਮਿਲਣ ਤੋਂ ਬਾਅਦ, ਤੁਹਾਨੂੰ ਕੰਮ ਕਰਨ ਅਤੇ ਪੈਸੇ ਕਮਾਨ ਦੀ ਇਜਾਜ਼ਤ ਹੈ।
- ਜੇ ਤੁਸੀਂ ਕੰਮ ਨਹੀਂ ਕਰ ਸਕਦੇ ਜਾਂ ਨੌਕਰੀ ਛੇਤੀ ਨਹੀਂ ਮਿਲ ਰਹੀ ਹੈ, ਤਾਂ ਤੁਹਾਨੂੰ ਵੈਲਫੇਅਰ ਬੈਨੀਫਿਟ (ਆਮ ਤੌਰ ਤੇ ਯੂਨੀਵਰਸਲ ਕ੍ਰੈਡਿਟ) ਲੈਣ ਲਈ ਅਪਲਾਈ ਕਰਨਾ ਚਾਹੀਦਾ ਹੈ। ਤੁਸੀਂ ਆਨ-ਲਾਇਨ, ਜਾਂ ਆਪਣੇ ਇਲਾਕੇ ਦੇ ਜੌਬ ਸੈਂਟਰ ਪਲੱਸ ਵਿਚ ਜਾ ਕੇ ਅਰਜ਼ੀ ਦੇ ਸਕਦੇ ਹੋ।
- ਇਹ ਕੰਮ ਫੌਰੀ ਤੌਰ ਤੇ ਕਰੋ ਕਿਉਂਕਿ ਤੁਹਾਨੂੰ ਪੈਸੇ ਮਿਲਣ ਨੂੰ ਕੁਝ ਸਮਾਂ ਲੱਗ ਸਕਦਾ ਹੈ।
- ਜੇ ਤੁਹਾਡੇ ਕੋਲ ਬੀ ਆਰ ਪੀ ਨਹੀਂ ਹੈ, ਤੁਸੀਂ ਆਪਣੀ ਅਸਾਇਲਮ ਮਿਲਣ ਵਾਲੀ ਚਿੱਠੀ ਅਤੇ ਏ ਆਰ ਸੀ ਕਾਰਡ ਬੈਨੀਫਿਟ ਲੈਣ ਦੀ ਅਰਜ਼ੀ ਲਈ ਵਰਤ ਸਕਦੇ ਹੋ।
- ਤੁਹਾਨੂੰ ਬੈਂਕ ਵਿਚ ਇਕ ਅਕਾਉਂਟ ਵੀ ਖੋਲਣਾ ਪਏਗਾ।

## 3. ਤੁਹਾਡੀ ਰਿਹਾਇਸ਼

- ਇਕ ਬਾਰ ਤੁਹਾਡੇ ਹੱਕ ਵਿਚ ਫੈਸਲਾ ਆਉਣ ਤੋਂ ਬਾਅਦ, ਤੁਹਾਨੂੰ ਆਪਣੇ ਲਈ ਰਿਹਾਇਸ਼ ਲੱਭਣ ਅਤੇ ਉਸ ਵਿਚ ਜਾਣ ਦੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ।
- ਤੁਸੀਂ ਆਪਣੇ ਇਲਾਕੇ ਦੀ ਕੌਂਸਲ ਤੋਂ (ਜਿਥੇ ਤੁਸੀਂ ਫੈਸਲਾ ਮਿਲਣ ਵੇਲੇ ਰਹਿ ਰਹੇ ਹੁੰਦੇ ਹੋ) ਇਸ ਬਾਰੇ ਆਪਣੇ ਲਈ ਸਹਾਇਤਾ ਮੰਗ ਸਕਦੇ ਹੋ। ਜੇ ਤੁਸੀਂ ਸਿਹਤਮੰਦ ਹੋ ਅਤੇ ਜੇ ਤੁਹਾਡੇ ਨਾਲ ਤੁਹਾਡੇ ਬੱਚੇ ਨਹੀਂ ਰਹਿੰਦੇ ਹਨ, ਤਾਂ ਤੁਹਾਨੂੰ ਪਹਿਲ ਨਹੀਂ ਦਿੱਤੀ ਜਾਏਗੀ ਅਤੇ ਉਹ ਤੁਹਾਨੂੰ ਰਿਹਾਇਸ਼ ਨਹੀਂ ਦੇ ਸਕਣਗੇ। ਇਸ ਸਮੇਂ ਸੋਸ਼ਲ ਹਾਉਸਿੰਗ ਅਤੇ ਕੌਂਸਲ ਦੇ ਮਕਾਨਾਂ ਦੀ ਬਹੁਤ ਜ਼ਿਆਦਾ ਕਮੀ ਹੈ।

### ਹਾਉਸਿੰਗ ਲਈ ਏ ਬੀ ਸੀ

ਏ ਪਹਿਲਾਂ ਕਦਮ - ਤੁਹਾਨੂੰ ਮਿਲੀ ਪਹਿਲੀ ਥਾਂ ਮਨਜ਼ੂਰ ਕਰ ਲਵੋ ਹੋ ਸਕਦਾ ਹੈ ਇਹ ਥੋੜੇ ਸਮੇਂ ਲਈ ਹੀ ਹੋਵੇ। ਹੋ ਸਕਦਾ ਹੈ ਇਹ ਰਿਹਾਇਸ਼ ਛੋਟੀ, ਕਿਸੇ ਨਾਲ ਸਾਂਝੀ ਜਾਂ ਵਕਤੀ ਤੌਰ ਲਈ ਹੋਵੇ ਅਤੇ ਉਸ ਇਲਾਕੇ ਵਿਚ ਹੋਵੇ ਜਿਥੇ ਤੁਸੀਂ ਰਹਿਣਾ ਨਹੀਂ ਚਾਹੁੰਦੇ।

ਬੀ ਅਗਲਾ ਕਦਮ - ਇਕ ਬਾਰ ਜਦੋਂ ਤੁਹਾਡੇ ਕੋਲ ਕੁਝ ਆਮਦਨੀ ਅਤੇ/ਜਾਂ ਨੌਕਰੀ ਹੈ, ਤੁਸੀਂ ਕਿਰਾਏ ਤੇ ਇਕ ਬਿਹਤਰ ਥਾਂ ਲੱਭ ਸਕਦੇ ਹੋ ਜਿਹੜੀ ਕਿ ਤੁਹਾਡੀ ਇੱਛਾ ਅਤੇ ਤੁਹਾਡੇ ਖਰਚੇ ਅਨੁਸਾਰ ਹੋਵੇ। ਅੰਗ੍ਰੇਜ਼ੀ ਦੀਆਂ ਕਲਾਸਾਂ ਅਤੇ ਕੰਮ ਲੱਭਣ ਲਈ ਸੁਪੋਰਟ ਤੁਹਾਨੂੰ ਇਸ ਵਿਚ ਸਹਾਇਤਾ ਕਰਨਗੇ।

ਸੀ ਆਖਰੀ ਕਦਮ - ਇਕ ਆਰਾਮਦਾਇਕ ਘਰ ਲੈਣ ਦੀ ਕੋਸ਼ਿਸ਼ ਕਰੋ ਜਿਸ ਵਿਚ ਤੁਸੀਂ ਲੰਬੇ ਅਰਸੇ ਲਈ ਰਹਿਣਾ ਪਸੰਦ ਕਰੋਗੇ।।

SCAN ME

ਤੁਹਾਡੇ ਇਲਾਕੇ ਵਿਚ ਮਿਲਣ ਵਾਲੀ ਸਹਾਇਤਾ ਬਾਰੇ ਹੋਰ ਜਾਣਕਾਰੀ ਲੈਣ ਲਈ, ਵੈਬਸਾਇਟ ਖ੍ਹੋਲਣ ਲਈ ਆਪਣੇ ਕੈਮਰੇ ਨੂੰ ਆਰ ਕਿਊ ਕੋਡ ਵੱਲ ਕਰੋ।

RSMP NORTH WEST REGIONAL STRATEGIC MIGRATION PARTNERSHIP

boaztrust